2022111410
12/9/2022

ਪੰਜਾਬੀ ਬੋਲੋ, ਪੰਜਾਬੀ ਪੜ੍ਹੋ, ਪੰਜਾਬੀ ਲਿਖੋ

## ਦਫ਼ਤਰ : ਜ਼ਿਲ੍ਹਾ ਭਾਸ਼ਾ ਅਫ਼ਸਰ, ਬਠਿੰਡਾ


ਕਮਰਾ ਨੰ. 225-ਈ-227-ਈ, ਪਹਿਲੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ-151001

ਈ-ਮੇਲ dlobti.pblanguages@gmail.com


ਵੱਲ

ਸਮੂਹ ਵਿਭਾਗ/ਬੋਰਡ/ਕਾਰਪੋਰੇਸ਼ਨ/ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ,
ਜ਼ਿਲ੍ਹਾ ਬਠਿੰਡਾ।

ਪੱਤਰ ਨੰ: 320 ਮਿਤੀ/ਬਠਿੰਡਾ 12/9/2022

**ਵਿਸ਼ਾ: ਪਦ ਉੱਨਤੀ/ਭਰਤੀ ਲਈ ਟਾਈਪ ਸ਼ਾਰਟਹੈਂਡ ਦਾ ਟੈਸਟ ਲੈਣ ਸੰਬੰਧੀ।**

ਉਪਰੋਕਤ ਵਿਸ਼ੇ ਸੰਬੰਧੀ ਵੱਖ-ਵੱਖ ਵਿਭਾਗਾਂ/ਬੋਰਡ/ਕਾਰਪੋਰੇਸ਼ਨਾਂ/ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਦੇ ਕਰਮਚਾਰੀਆਂ ਦੀ ਪਦ ਉੱਨਤੀ/ਭਰਤੀ ਲਈ ਟਾਈਪ/ਸ਼ਾਰਟਹੈਂਡ ਟੈਸਟ ਲੈਣ ਲਈ ਸਰਕਾਰ ਦੇ ਪੱਤਰ ਨੰ: ਐਲਡੀਪੀਪੀ/10/2022-ਖੇਤਰ1/418557/2022 ਮਿਤੀ 01.09.2022 ਰਾਹੀਂ ਜਾਰੀ ਹੋਈਆਂ ਹਦਾਇਤਾਂ (ਕਾਪੀ ਨਾਲ ਨੱਥੀ), ਅਨੁਸਾਰ ਇਹ ਟੈਸਟ ਅਕਤੂਬਰ ਮਹੀਨੇ ਵਿੱਚ ਲਿਆ ਜਾਣਾ ਹੈ। ਸੋ ਉਕਤ ਅਨੁਸਾਰ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਜਿਹੜੇ ਵੀ ਵਿਭਾਗ/ਬੋਰਡ/ਕਾਰਪੋਰੇਸ਼ਨ/ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਆਪਣੇ ਕਰਮਚਾਰੀਆਂ ਦਾ ਟਾਈਪ/ਸ਼ਾਰਟਹੈਂਡ ਟੈਸਟ ਦਵਾਉਣਾ ਚਾਹੁੰਦੇ/ਚਾਹੁੰਦੀਆਂ ਹਨ, ਉਹ ਦਫ਼ਤਰ ਨਾਲ ਨੱਥੀ ਪਰਫੋਰਮਿਆਂ ਅਨੁਸਾਰ ਕਰਮਚਾਰੀਆਂ ਦੀ ਸੂਚੀ ਅਤੇ ਉਨ੍ਹਾਂ ਦੇ ਪਹਿਚਾਣ ਪੱਤਰ 20 ਸਤੰਬਰ, 2022 ਤੱਕ ਇਸ ਦਫ਼ਤਰ ਦੀ ਈ-ਮੇਲ ਆਈ.ਡੀ. dlobti.pblanguages@gmail.com ਰਾਹੀਂ ਭੇਜ ਸਕਦੇ ਹਨ।

ਵਿਸ਼ਵਾਸਪਾਤਰ

(ਕਿਰਪਾਲ ਸਿੰਘ)
**ਜ਼ਿਲ੍ਹਾ ਭਾਸ਼ਾ ਅਫ਼ਸਰ**
**ਬਠਿੰਡਾ।**

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਬਠਿੰਡਾ।
ਪਿੱਠ ਅੰਕਣ ਨੰ: ਅ-4/1() 2022/167 ਮਿਤੀ: 16.09.22

[illegible]

ਜ਼ਿ.ਸਿ.ਅ. (ਸੈ.ਸਿ)
ਬਠਿੰਡਾ

Scanned with CamScanner

Scanned with Oken Scanner

File No.LDPP/10/2022-KHETAR

1/418557/2022

ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ
(ਸਿੱਖਿਆ ਸੈੱਲ)

711
2/9/2022

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਸਮੂਹ ਡਵਿਜ਼ਨਾਂ ਦੇ ਕਮਿਸ਼ਨਰ, ਸਮੂਹ ਡਿਪਟੀ ਕਮਿਸ਼ਨਰ,
ਸਮੂਹ ਬੋਰਡਾਂ, ਕਾਰਪੋਰੇਸ਼ਨਾਂ ਦੇ ਮੁਖੀ,
ਜ਼ਿਲ੍ਹਾ ਅਤੇ ਸੈਸ਼ਨ ਜੱਜ, ਉਪ ਮੰਡਲ ਅਫਸਰ(ਸਿਵਲ) ਅਤੇ
ਰਜਿਸਟਰਾਰ, ਪੰਜਾਬ ਹਰਿਆਣਾ ਹਾਈਕੋਰਟ।
ਮਿਤੀ,ਚੰਡੀਗੜ੍ਹ:1.09.2022

ਵਿਸ਼ਾ:- ਪਦਉੱਨਤੀ/ਭਰਤੀ ਲਈ ਟਾਈਪ/ਸ਼ਾਰਟਹੈਂਡ ਦਾ ਟੈਸਟ ਲੈਣ ਸਬੰਧੀ।

****

ਸ੍ਰੀਮਾਨ/ਸ੍ਰੀਮਤੀ ਜੀ

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ.6/14/18-2/ਸਿ.ਸੈੱਲ/312, ਮਿਤੀ 17-01-2022 ਅਤੇ ਪੱਤਰ ਨੰ: 6/5/2022-2ਸਿ.ਸੈੱਲ/1/372814/2022 ਮਿਤੀ 07/06/2022 ਰਾਹੀਂ ਵੱਖ ਵੱਖ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਵੱਲੋਂ ਉਨ੍ਹਾਂ ਦੇ ਦਫਤਰਾਂ ਦੇ ਕਰਮਚਾਰੀਆਂ/ਅਧਿਕਾਰੀਆਂ ਦੀ ਭਰਤੀ/ਪਦਉਨਤੀ ਕਰਨ ਲਈ ਟਾਈਪ/ਸ਼ਾਰਟਹੈਂਡ ਦਾ ਟੈਸਟ ਲੈਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ।

2.0 ਭਾਸ਼ਾ ਵਿਭਾਗ, ਪੰਜਾਬ ਵਿੱਚ ਇਨਸਟਰਕਟਰਾਂ ਦੀ ਘਾਟ ਨੂੰ ਮੁੱਖ ਰੱਖਦੇ ਹੋਏ ਕਰਮਚਾਰੀਆਂ/ਅਧਿਕਾਰੀਆਂ ਦੀ ਭਰਤੀ/ਪਦਉਨਤੀ ਕਰਨ ਲਈ ਟਾਈਪ/ਸ਼ਾਰਟਹੈਂਡ ਦਾ ਟੈਸਟ ਲੈਣ ਲਈ ਹੇਠ ਲਿਖੇ ਅਨੁਸਾਰ ਕਲੱਸਟਰ ਬਣਾਏ ਜਾਂਦੇ ਹਨ:-

| ਲੜੀ ਨੰਬਰ | ਕੋਆਰਡੀਨੇਟਰ ਜ਼ਿਲ੍ਹਾ | ਸ਼ਾਮਿਲ ਜ਼ਿਲ੍ਹੇ | ਪ੍ਰੀਖਿਆ ਕੇਂਦਰ/ ਕੋਆਰਡੀਨੇਟਰ ਦੇ ਦਫਤਰ ਦੀ ਮੇਲ ਆਈ.ਡੀ. |
|---|---|---|---|
| 1. | ਬਠਿੰਡਾ | ਬਠਿੰਡਾ, ਫਰੀਦਕੋਟ, ਫਾਜ਼ਿਲਕਾ, ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ | ~~dlobathinda520@gmail.com~~ dlobti.pblanguages@gmail.com |
| 2. | ਸੰਗਰੂਰ | ਸੰਗਰੂਰ, ਮਾਨਸਾ, ਬਰਨਾਲਾ, ਮਾਲੇਰਕੋਟਲਾ, ਮੋਗਾ | dlo.sangrur2019@gmall.com |
| 3. | ਪਟਿਆਲਾ | ਪਟਿਆਲਾ, ਸ੍ਰੀ ਫਤਿਹਗੜ੍ਹ ਸਾਹਿਬ, ਲੁਧਿਆਣਾ | khetar.pblanguages@gmail.com |
| 4. | ਜਲੰਧਰ | ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਨਵਾਂ ਸ਼ਹਿਰ | jalandhar.dlo@gmail.com |
| 5. | ਸ੍ਰੀ ਅੰਮ੍ਰਿਤਸਰ ਸਾਹਿਬ | ਸ੍ਰੀ ਅੰਮ੍ਰਿਤਸਰ ਸਾਹਿਬ, ਤਰਨ ਤਾਰਨ , ਪਠਾਨਕੋਟ, ਗੁਰਦਾਸਪੁਰ | amritsar.dlo@gmail.com |
| 6. | ਚੰਡੀਗੜ੍ਹ | ~~ਚੰਡੀਗੜ੍ਹ ਅਤੇ ਮੁਹਾਲੀ ਸਥਿਤ ਸਾਰੇ ਮੁੱਖ~~ ਦਫਤਰ ਅਤੇ ਮੁਹਾਲੀ ਜ਼ਿਲ੍ਹੇ ਨਾਲ ਸਬੰਧਤ ਫੀਲਡ ਦਫਤਰ ਅਤੇ ਰੂਪਨਗਰ | adlanguagechd@gmail.com |

Scanned with CamScan

Scanned with Oken Scanner

3.0 ਪ੍ਰੀਖਿਆ ਜਨਵਰੀ, ਅਪ੍ਰੈਲ, ਜੁਲਾਈ ਅਤੇ ਅਕਤੂਬਰ ਮਹੀਨੇ ਵਿੱਚ ਲਈ ਜਾਵੇਗੀ। ਜਿਹੜੇ ਵਿਭਾਗ ਆਪਣੇ ਕਰਮਚਾਰੀਆਂ ਦਾ ਟਾਈਪ/ਸ਼ਾਰਟਹੈਂਡ ਦਾ ਟੈਸਟ ਭਾਸ਼ਾ ਵਿਭਾਗ ਰਾਹੀਂ ਦਿਵਾਉਣ ਦੇ ਇਛੁੱਕ ਹਨ, ਉਹ ਆਪਣੇ ਕਰਮਚਾਰੀਆਂ ਦੀ ਸੂਚੀ ਵੇਰਵੇ ਸਹਿਤ ਮਿਤੀ 7 ਦਸੰਬਰ, 7 ਮਾਰਚ, 7 ਜੂਨ ਅਤੇ 7 ਸਤੰਬਰ ਤੱਕ ਹਰ ਹਾਲਤ ਵਿਚ ਆਪਣੇ ਕਲੱਸਟਰ ਦੇ ਕੋਆਰਡੀਨੇਟਰ/ਜ਼ਿਲ੍ਹਾ ਭਾਸ਼ਾ ਅਫਸਰ ਨੂੰ ਭੇਜਣੇ ਯਕੀਨੀ ਬਣਾਉਣਗੇ। ਇਸ ਮਿਤੀ ਤੋਂ ਬਾਅਦ ਪ੍ਰਾਪਤ ਪੱਤਰਾਂ ਬਿਨ੍ਹਾਂ ਸੂਚਨਾ ਦੇ ਰੱਦ ਕਰ ਦਿੱਤਾ ਜਾਵੇਗਾ।

4.0 ਜਿਨ੍ਹਾਂ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਯੂਨੀਵਰਸਿਟੀਆਂ ਆਦਿ ਦੇ ਟੈਸਟ ਦੇਣ ਵਾਲੇ ਉਮੀਦਵਾਰਾਂ ਦੀ ਗਿਣਤੀ 50 ਤੋਂ ਜ਼ਿਆਦਾ ਹੋਵੇਗੀ ਉਨ੍ਹਾਂ ਵਿੱਚ ਇੰਸਟ੍ਰਕਟਰ/ਸਟਾਫ ਨੂੰ ਟੈਸਟ ਲੈਣ ਲਈ ਉਪਰੋਕਤ ਮਹੀਨਿਆਂ ਵਿੱਚ ਨਿਸਚਿਤ ਕੀਤੀਆਂ ਗਈਆਂ ਮਿਤੀਆਂ ਨੂੰ ਭੇਜ ਦਿੱਤਾ ਜਾਇਆ ਕਰੇਗਾ।

5.0 ਜਿਨ੍ਹਾਂ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਯੂਨੀਵਰਸਿਟੀਆਂ ਆਦਿ ਵਲੋਂ ਇਸ਼ਤਿਹਾਰੀ ਭਰਤੀ ਕੀਤੀ ਜਾਣੀ ਹੋਵੇ ਤਾਂ ਵਿਭਾਗ ਵਲੋਂ ਪ੍ਰੀਖਿਆ ਲੈਣ ਲਈ ਇੰਸਟ੍ਰਕਟਰ/ਸਟਾਫ ਦੀ ਡਿਊਟੀ ਲਗਾ ਦਿੱਤੀ ਜਾਵੇਗੀ।

ਅਧੀਨ ਸਕੱਤਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਉਪਰੋਕਤ ਦਾ ਇੱਕ ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰਾਂ, ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਪ੍ਰਬੰਧਕੀ ਕੰਟਰੋਲ ਅਧੀਨ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵਲੋਂ ਉਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨ ਲਈ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਦੀ ਕ੍ਰਿਪਾਲਤਾ ਕਰਨ।

ਅਧੀਨ ਸਕੱਤਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

Scanned with CamS
Scanned with Oken Scanner

## ਦਫਤਰ ਦਾ ਨਾਂ ..........................

## ਟਾਈਪ ਪ੍ਰੀਖਿਆ ਲਈ ਪਹਿਚਾਣ ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਸ੍ਰੀਮਤੀ/ਮਿਸ ........................................ ਪੁੱਤਰ/ਪੁੱਤਰੀ ਸ੍ਰੀ/ਸ.................................... ਅਹੁਦਾ ............................................... ਤੈਨਾਤੀ ਵਾਲੇ ਦਫਤਰ ਦਾ ਨਾਂ ................................................. ਦਾ/ਦੀ ਕਰਮਚਾਰੀ/ਕਰਮਚਾਰਣ ਹੈ। ਇਸ ਕਰਮਚਾਰੀ/ਕਰਮਚਾਰਣ ਨੇ ਭਾਸ਼ਾ ਵਿਭਾਗ, ਪੰਜਾਬ ਵਲੋਂ ਪਦਉੱਨਤੀ/ਭਰਤੀ ਲਈ ਮਿਤੀ ................................ ਨੂੰ ਲਈ ਜਾਣ ਵਾਲੀ ਪੰਜਾਬੀ/ਅੰਗਰੇਜ਼ੀ ਟਾਈਪ ਪ੍ਰੀਖਿਆ ਵਿੱਚ ਭਾਗ ਲਿਆ ਜਾਣਾ ਹੈ। ਇਸ ਕਰਮਚਾਰੀ ਨੇ ਹੇਠ ਲਿਖੇ ਅਨੁਸਾਰ ਟਾਈਪ ਪ੍ਰੀਖਿਆ ਦੇਣੀ ਹੈ।

1. ਪੰਜਾਬੀ ਟਾਈਪ ਪ੍ਰੀਖਿਆ ਹਾਂ/ਨਹੀਂ ......... (ਜੇਕਰ ਹਾਂ ਹੈ ਤਾਂ ਫੌਂਟ ਦਾ ਨਾਂ ਦਰਜ ਕੀਤਾ ਜਾਵੇ......................)
2. ਅੰਗਰੇਜ਼ੀ ਟਾਈਪ ਪ੍ਰੀਖਿਆ ਹਾਂ/ਨਹੀਂ ...............

ਕਰਮਚਾਰੀ ਦੇ ਹਸਤਾਖ਼ਰ ਅਤੇ ਫੋਟੋ ਨਿਮਨ ਅਨੁਸਾਰ
ਤਸਦੀਕ ਕੀਤੇ ਜਾਂਦੇ ਹਨ:-

ਇੱਥੇ ਤਾਜ਼ਾ ਪਾਸਪੋਰਟ ਸਾਈਜ਼ ਫੋਟੋ ਚਿਪਕਾ ਕੇ ਸਮਰੱਥ ਅਧਿਕਾਰੀ ਤੋਂ ਤਸਦੀਕ ਕਰਵਾਈ ਜਾਵੇ

ਪੰਜਾਬੀ ਦੇ ਪੂਰੇ ਹਸਤਾਖਰ .......................................

ਅੰਗਰੇਜ਼ੀ ਦੇ ਪੂਰੇ ਹਸਤਾਖਰ ........................................

ਸਮਰੱਥ ਅਧਿਕਾਰੀ ਦੇ ਹਸਤਾਖਰ(ਮੋਹਰ ਸਮੇਤ)

ਪੱਤਰ ਨੰ. ......................  ਮਿਤੀ..............................

Scanned with Oken Scanner

ਦਫਤਰ ਦਾ ਨਾਂ ............................

## ਸ਼ਾਰਟਹੈਂਡ ਪ੍ਰੀਖਿਆ ਲਈ ਪਹਿਚਾਣ ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਸ੍ਰੀਮਤੀ/ਮਿਸ ........................................ ਪੁੱਤਰ/ਪੁੱਤਰੀ ਸ੍ਰੀ/ਸ.......................................... ਅਹੁਦਾ ................................................ ਤੈਨਾਤੀ ਵਾਲੇ ਦਫਤਰ ਦਾ ਨਾਂ ................................................... ਦਾ/ਦੀ ਕਰਮਚਾਰੀ/ਕਰਮਚਾਰਣ ਹੈ। ਇਸ ਕਰਮਚਾਰੀ/ਕਰਮਚਾਰਣ ਨੇ ਭਾਸ਼ਾ ਵਿਭਾਗ, ਪੰਜਾਬ ਵਲੋਂ ਪਦਉੱਨਤੀ/ਭਰਤੀ ਲਈ ਮਿਤੀ ........................................ ਨੂੰ ਲਈ ਜਾਣ ਵਾਲੀ ਪੰਜਾਬੀ/ਅੰਗਰੇਜ਼ੀ ਸ਼ਾਰਟਹੈਂਡ ਪ੍ਰੀਖਿਆ ਵਿੱਚ ਭਾਗ ਲਿਆ ਜਾਣਾ ਹੈ। ਇਸ ਕਰਮਚਾਰੀ ਨੇ ਹੇਠ ਲਿਖੇ ਅਨੁਸਾਰ ਸ਼ਾਰਟਹੈਂਡ ਦੀ ਪ੍ਰੀਖਿਆ ਦੇਣੀ ਹੈ:-

1. ਪੰਜਾਬੀ ਸ਼ਾਰਟਹੈਂਡ ਪ੍ਰੀਖਿਆ ..............ਸ਼.ਪ੍ਰ.ਮਿੰਟ (ਜੇਕਰ ਹਾਂ ਹੈ ਤਾਂ ਫੌਂਟ ਦਾ ਨਾਂ ਦਰਜ ਕੀਤਾ ਜਾਵੇ....................)

2. ਅੰਗਰੇਜ਼ੀ ਸ਼ਾਰਟਹੈਂਡ ਪ੍ਰੀਖਿਆ ..............ਸ਼.ਪ੍ਰ.ਮਿੰਟ

ਕਰਮਚਾਰੀ ਦੇ ਹਸਤਾਖ਼ਰ ਅਤੇ ਫੋਟੋ ਨਿਮਨ ਅਨੁਸਾਰ ਤਸਦੀਕ ਕੀਤੇ ਜਾਂਦੇ ਹਨ:-

| |
|---|
| ਇੱਥੇ ਤਾਜ਼ਾ ਪਾਸਪੋਰਟ ਸਾਈਜ਼ ਫੋਟੋ ਚਿਪਕਾ ਕੇ ਸਮਰੱਥ ਅਧਿਕਾਰੀ ਤੋਂ ਤਸਦੀਕ ਕਰਵਾਈ ਜਾਵੇ |

ਪੰਜਾਬੀ ਦੇ ਪੂਰੇ ਹਸਤਾਖਰ ..........................................

ਅੰਗਰੇਜ਼ੀ ਦੇ ਪੂਰੇ ਹਸਤਾਖ਼ਰ ..........................................

ਸਮਰੱਥ ਅਧਿਕਾਰੀ ਦੇ ਹਸਤਾਖਰ(ਮੋਹਰ ਸਮੇਤ)

ਮਿਤੀ..................................

ਪੱਤਰ ਨੰ. .........................

Scanned with CamScanner

Scanned with Oken Scanner